## ਦਫ਼ਤਰ ਜਿਲਾ ਮੈਜਿਸਟਰੇਟ, ਸੰਗਰੂਰ

(ਫੁਟਕਲ ਸਾਖਾ)

ਦਫ਼ਤਰੀ ਹੁਕਮ

ਹੁਕਮ ਨੰਬਰ 61 /ਐਮਏ ਮਿਤੀ: 24/03/2020

ਪੰਜਾਬ ਰਾਜ ਵਿੱਚ ਕੋਵਿਡ-19 ਦੇ ਜੀਵਾਣੂ ਤੋਂ ਬੀਮਾਰੀ ਫੈਲਣ ਨੂੰ ਕੰਟਰੋਲ ਕਰਨ ਸਬੰਧੀ ਨਿਮਨਹਸਤਾਖ਼ਰ ਵੱਲੋਂ ਹੁਕਮ ਨੰਬਰ 54/ਐਮਏ ਮਿਤੀ23.03.2020 ਰਾਹੀਂ ਅਗਲੇਰੇ ਹੁਕਮਾਂ ਤੱਕ ਜਿਲਾ ਸੰਗਰੂਰ ਵਿਖੇ ਕਰਫਿਊ ਲਗਾਇਆ ਗਿਆ ਹੈ। ਇਸ ਕਰਫਿਊ ਦੌਰਾਨ ਜਿਲਾ ਸੰਗਰੂਰ ਦੇ ਵਸਨੀਕਾਂ ਨੂੰ ਘਰਾਂ ਵਿੱਚ ਰੋਜ਼ਾਨਾਂ ਜਰੂਰਤ ਦੀਆਂ ਅਤਿ ਜਰੂਰੀ ਵਸਤੂਆਂ ਦੀ ਦਿੱਕਤ ਨਾ ਆਵੇ, ਇਸ ਵਾਸਤੇ ਜਿਲਾ ਸੰਗਰੂਰ ਅਧੀਨ ਆਉਂਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਟਰੈਕਟਰ ਟਰਾਲੀ ਰਾਹੀਂ ਘਰ-ਘਰ ਕਰਿਆਨਾ, ਸਬਜ਼ੀਆਂ ਅਤੇ ਦੁੱਧ ਆਦਿ ਰੋਜ਼ਾਨਾ ਦੀਆਂ ਜਰੂਰੀ ਵਸਤੂਆਂ ਦੀ ਵਿੱਕਰੀ ਸਬੰਧਤ ਉਪ-ਮੰਡਲ ਮੈਜਿਸਟਰੇਟਸ ਦੀ ਨਿਗਰਾਨੀ ਹੇਠ ਕੀਤੀ ਜਾਵੇਗੀ। ਇਹਨਾਂ ਵਸਤੂਆਂ ਦੀ ਕੁਆਲਟੀ, ਰੇਟ ਅਤੇ ਮਾਤਰਾ ਜਿਲਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ਸੰਗਰੂਰ, ਜਿਲਾ ਮੰਡੀ ਅਫਸਰ ਅਤੇ ਜਿਲਾ ਮੈਨੇਜਰ ਮਿਲਕਫੈਡ ਵੱਲੋਂ ਯਕੀਨੀ ਬਣਾਈ ਜਾਵੇਗੀ :-

| ਪ੍ਰਤੀ ਘਰ ਵਿੱਕਰੀ ਕੀਤੀ ਜਾਣ ਵਾਲੀਆਂ ਜਰੂਰੀ ਵਸਤੂਆਂ ਦਾ ਵੇਰਵਾ | ਚਨਾ ਦਾਲ | ਨਮਕ (ਬਰਾਂਡਡ) | ਚਾਹ ਪੱਤੀ (ਮਾਰਕਫ਼ੈੱਡ ਅਤੇ ਅਣ-ਬਰਾਂਡਡ) | ਆਟਾ | ਆਲੂ | ਪਿਆਜ਼ | ਬਰੈੱਡ (400 gm) | ਦੁੱਧ (500 ml) ਪੈਕਟ ਬਰਾਂਡਡ |
|---|---|---|---|---|---|---|---|---|
| ਪ੍ਰਤੀ ਘਰ ਵਿੱਕਰੀ ਕੀਤੀ ਜਾਣ ਵਾਲੀ ਸੱਮਗਰੀ ਦਾ ਵੱਧ ਤੋਂ ਵੱਧ ਵੇਰਵਾ | 1 ਕਿਲੋ | 1 ਕਿਲੋ | 250 ਗਰਾਮ | 5 ਕਿਲੋ | 1 ਕਿਲੋ | 1 ਕਿਲੋ | 400 ਗਰਾਮ (ਇਕ ਪੈਕਟ) | 2 ਪੈਕੇਟ ਇਕ ਲੀਟਰ |
| ਰੇਟ | 60 ਰੁਪਏ ਪ੍ਰਤੀ ਕਿਲੋ | 17 ਰੁਪਏ ਪ੍ਰਤੀ ਕਿਲੋ | 70 ਰੁਪਏ (ਮਾਰਕਫ਼ੈਡ) ਅਤੇ 45 ਰੁਪਏ (ਅਣਬਰਾਂਡਡ) ਪ੍ਰਤੀ 250 ਗ੍ਰਾਮ | 120 ਰੁਪਏ ਪ੍ਰਤੀ ਪੰਜ ਕਿਲੋ | 18 ਰੁਪਏ ਪ੍ਰਤੀ ਕਿਲੋ | 20 ਰੁਪਏ ਪ੍ਰਤੀ ਕਿਲੋ | MRP ਜਾਂ MRP ਤੋਂ ਘੱਟ | MRP ਜਾਂ MRP ਤੋਂ ਘੱਟ |

ਨੋਟ :- ਹੇਠ ਲਿਖਿਆਂ ਹਦਾਇਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ:

1. ਜਿਲਾ ਪੱਧਰ ਤੇ ਸ਼ਹਿਰੀ ਖੇਤਰ ਲਈ ਜਿਲਾ ਪੱਧਰ ਤੇ ਜਿਲਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ, ਸੰਗਰੂਰ ਨੋਡਲ ਅਫ਼ਸਰ ਅਤੇ ਓਵਰ-ਆੱਲ ਇੰਚਾਰਜ ਹੋਣਗੇ ਅਤੇ ਸਬ-ਡਵੀਜ਼ਨ ਪੱਧਰ ਤੇ ਸਹਾਇਕ ਫੂਡ ਅਫ਼ਸਰ ਨੋਡਲ ਅਫ਼ਸਰ ਹੋਣਗੇ। ਪੇਂਡੂ ਖੇਤਰਾਂ ਲਈ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਜ਼ ਨੋਡਲ ਅਫ਼ਸਰ ਅਤੇ ਓਵਰ-ਆੱਲ ਇੰਚਾਰਜ ਹੋਣਗੇ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰਜ਼ 10 ਪਿੰਡਾਂ ਮਗਰ ਇੱਕ-ਇੱਕ ਟਰੈਕਟਰ ਟਰਾਲੀ ਦਾ ਪ੍ਰਬੰਧ ਕਰਨਗੇ। ਨੋਡਲ ਅਫ਼ਸਰਾਂ ਵੱਲੋਂ ਵਸਤੂਆਂ ਦੀ ਸਪਲਾਈ ਕਰਨ ਤੋਂ ਪਹਿਲਾਂ ਰੂਟ ਪਲਾਨ ਤਿਆਰ ਕੀਤਾ ਜਾਵੇਗਾ ਅਤੇ ਪਬਲਿਕ ਨੂੰ ਇਸ ਸਬੰਧੀ ਪਹਿਲਾਂ ਸੂਚਿਤ ਕਰਨਗੇ।
2. ਇੱਕ ਟਰੈਕਟਰ ਟਰਾਲੀ ਪਰ ਡਰਾਇਵਰ ਸਮੇਤ ਪੰਜ ਵਿਅਕਤੀ/ਕਰਮਚਾਰੀ ਹੋਣਗੇ। ਸ਼ਹਿਰਾਂ ਵਿੱਚ ਜਿਲਾ ਮੰਡੀ ਅਫਸਰ, ਸੈਕਟਰੀਜ਼ ਮਾਰਕੀਟ ਕਮੇਟੀਜ਼ ਇਹਨਾਂ ਵਿਅਕਤੀਆਂ/ਕਰਮਚਾਰੀਆਂ ਦਾ ਪ੍ਰਬੰਧ ਕਰਨਗੇ, ਘਾਟ ਹੋਣ ਦੀ ਸੂਰਤ ਵਿੱਚ ਕਾਰਜ ਸਾਧਕ ਅਫ਼ਸਰ ਨਗਰ ਕੌਂਸਲਜ਼ ਪੂਰਤੀ ਕਰਨਗੀਆਂ । ਪਿੰਡਾਂ ਲਈ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਜ਼ ਇਹਨਾਂ ਟਰੈਕਟਰ ਟਰਾਲੀਆਂ ਵਾਸਤੇ ਵਿਅਕਤੀਆਂ/ਕਰਮਚਾਰੀਆਂ ਅਤੇ ਹੋਰ ਸਾਰਾ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ। ਪੁਲਿਸ ਵਿਭਾਗ ਵੱਲੋਂ ਸ਼ਹਿਰਾਂ ਵਿੱਚ ਹਰੇਕ ਟਰੈਕਟਰ ਟਰਾਲੀ ਨਾਲ ਦੋ-ਦੋ ਪੁਲਿਸ ਮੁਲਾਜ਼ਮ ਨਿਯੁਕਤ ਜਾਣਗੇ।
3. ਸੰਗਰੂਰ ਤੇ ਮਾਲੇਰਕੋਟਲਾ ਦੇ ਸ਼ਹਿਰਾਂ ਲਈ 5 ਟਰਾਲੀਆਂ, ਧੂਰੀ, ਸੁਨਾਮ, ਭਵਾਨੀਗੜ ਲਈ 4 ਟਰਾਲੀਆਂ ਅਤੇ ਬਾਕੀ ਦੀਆਂ ਸਬ-ਡਵੀਜ਼ਨਾਂ ਲਈ 2-2 ਟਰਾਲੀਆਂ ਚਲਾਈਆਂ ਜਾਣਗੀਆਂ। ਜਿਲਾ ਮੰਡੀ ਅਫ਼ਸਰ, ਸੰਗਰੂਰ ਤਾਜ਼ੀਆਂ ਸਬਜ਼ੀਆਂ ਅਤੇ ਟਰੈਕਟਰ ਟਰਾਲੀਆਂ ਦਾ ਪ੍ਰਬੰਧ ਕਰਨਗੇ। ਟਰੈਕਟਰ ਟਰਾਲੀਆਂ ਦੀ ਘਾਟ ਹੋਣ ਤੇ ਇਸ ਦੀ ਪੂਰਤੀ ਰਿਜ਼ਨਲ ਟਰਾਂਸਪੋਰਟ ਅਥਾਰਟੀ, ਸੰਗਰੂਰ ਕਰਨਗੇ। ਇਹਨਾਂ ਟਰੈਕਟਰ ਟਰਾਲੀਆਂ ਦੇ ਡੀਜ਼ਲ ਦਾ ਖਰਚਾ ਸਬੰਧਤ ਸਕੱਤਰ, ਮਾਰਕਿਟ ਕਮੇਟੀ ਕਰਨਗੇ।
4. ਵਸਤੂਆਂ ਦੀ ਵਿੱਕਰੀ ਘਰੋਂ-ਘਰੀਂ ਕੀਤੀ ਜਾਵੇਗੀ। ਪੁਲਿਸ ਵਿਭਾਗ ਇਹ ਯਕੀਨੀ ਬਣਾਏਗਾ ਕਿ ਹਰੇਕ ਵਿਅਕਤੀ ਆਪਣੇ ਘਰ ਦੇ ਬਾਹਰ ਹੀ ਥੋੜੀ ਦੂਰ ਤੋਂ ਸਾਮਾਨ ਦੀ ਖਰੀਦਦਾਰੀ ਕਰੇਗਾ। ਸ਼ਹਿਰੀ ਖੇਤਰ ਅਤੇ ਪੇਂਡੂ ਖੇਤਰ ਵਿੱਚ ਨਾਮਜ਼ਦ ਕੀਤੇ ਗਏ ਨੋਡਲ ਅਫ਼ਸਰਜ਼ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਵਸਤੂਆਂ ਦੀ ਵਿਕਰੀ ਸਮੇਂ ਓਵਰ-ਕਰਾਊਡਿੰਗ ਨਾ ਹੋਵੇ। ਵਸਤੂਆਂ ਦੀ ਸਪਲਾਈ ਕਰਨ ਵਾਲੇ ਕਰਮਚਾਰੀਆਂ ਅਤੇ ਟਰੈਕਟਰ ਟਰਾਲੀ ਦੇ ਡਰਾਇਵਰ ਦੇ ਮੂੰਹ ਤੇ ਮਾਸਕ ਅਤੇ ਹੱਥਾਂ ਵਿੱਚ ਗਲਾਵਜ਼ ਪਾਏ ਹੋਣੇ ਚਾਹੀਦੇ ਹਨ। ਹਰੇਕ ਟਰੈਕਟਰ ਟਰਾਲੀ ਨੂੰ ਇੱਕ-ਇੱਕ ਹੈਂਡ ਸੈਨੇਟਾਈਜ਼ਰ ਵੀ ਮੁਹੱਈਆ ਕਰਵਾਇਆ ਜਾਵੇਗਾ। ਇਹ ਸਾਰਾ ਸਾਮਾਨ ਡੀਐਫਐਸਸੀ, ਸੰਗਰੂਰ ਮੁੱਹਈਆ ਕਰਵਾਣਗੇ। ਪ੍ਰਮੁੱਖ ਤੌਰ ਤੇ ਵਿੱਕਰੀ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੇ ਰੇਟ ਟਰੈਕਟਰ ਟਰਾਲੀ ਤੇ ਚਸਪਾ ਕੀਤੇ ਜਾਣਗੇ।
5. ਸਪਲਾਈ ਕਰਨ ਵਾਲੀਆਂ ਵਸਤੂਆਂ ਦੇ ਪਹਿਲਾਂ ਤੋਂ ਹੀ ਪੈਕੇਟ ਬਣਾਏ ਜਾਣਗੇ। ਮੌਕੇ ਤੇ ਕਿਸੇ ਵਸਤੂ ਦਾ ਕੋਈ ਨਾਪ-ਤੋਲ ਨਹੀਂ ਕੀਤਾ ਜਾਵੇਗਾ। ਵਸਤਾਂ ਦੀ ਸਪਲਾਈ ਉਹਨਾਂ ਦੀ ਉਪਲਬਧਤਾ ਤੇ ਨਿਰਭਰ ਕਰਦੀ ਹੈ।।

ਜਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner